# ਸਲੋਹ ਕਬੱਡੀ ਟੂਰਨਾਮੈਂਟ ਦਾ ਕੱਪ ਪੰਜਾਬ ਯੁਨਾਇਟਡ ਟੈਲਫੋਰਡ ਵੂਲਵਰਹੈਂਪਟਨ ਹਵਾਲੇ ਅਤੇ ਈਰਥ ਰਹੀ ਦੂਜੇ ਸਥਾਨ 'ਤੇ




**ਮਨਪ੍ਰੀਤ ਸਿੰਘ ਬੱਧਨੀ ਕਲਾਂ**

E Mail:
manpreet@ badhni.com


ਸਲੋਹ ਦਾ ਕਬੱਡੀ ਟੂਰਨਾਮੈਂਟ ਇੰਗਲੈਂਡ ਦਾ ਇਸ ਵਰ੍ਹੇ ਦਾ 10 ਵਾਂ ਟੂਰਨਾਮੈਂਟ ਸੀ ਅਤੇ ਇਸ ਮੇਲੇ ਦੇ ਪ੍ਰਬੰਧਕਾਂ ਨੇ ਬੜੇ ਵਿਲੱਖਣ ਜਿਹੇ ਢੰਗ ਨਾਲ ਇਸ ਦੀ ਸਜਾਵਟ ਕੀਤੀ ਹੋਈ ਸੀ। ਸ਼ਹੀਦ ਜਨਰਲ ਸੁਬੇਗ ਸਿੰਘ ਦੀ ਯਾਦ ਵਿੱਚ ਕਰਵਾਇਆ ਇਹ ਟੂਰਨਾਮੈਂਟ ਪਿੰਡ ਤੋਂ ਥੋੜ੍ਹਾ ਹੱਟ ਕੇ ਸੀ ਲੇਕਨ ਫਿਰ ਦਰਸ਼ਕਾਂ ਦੇ ਇਕੱਠ ਨੇ ਪਿੰਡ ਵਰਗਾ ਮਾਹੌਲ ਬਣਾ ਦਿੱਤਾ। ਉੱਚੇ ਨੀਵੇਂ ਟਿੱਬਿਆਂ ਵਰਗਾ ਇਹ ਗਰਾਉਂਡ ਪੂਰੀ ਮੇਹਨਤ ਨਾਲ ਖੇਡਣ ਦੇ ਅਨਕੂਲ ਬਣਾਇਆ ਹੋਇਆ ਸੀ। ਰਸ਼ਪਾਲ ਸ਼ੀਰਾ ਸੰਮੀਪੁਰੀਆ, ਸਤਿੰਦਰ ਗੋਲਡੀ, ਦਰਬਾਰਾ ਧਾਲੀਵਾਲ, ਕੁਲਵੰਤ ਚੱਠਾ, ਬਿੰਦਰ, ਢਿਲੋਂ ਬਰਦਜ਼, ਰਣਜੀਤ ਢੰਡਾ, ਗੁਰਮੇਲ ਸਹੋਤਾ ਅਤੇ ਸਾਥੀ ਪਿਛਲੇ ਕਈ ਹਫਤਿਆ ਤੋਂ ਗਰਾਊਂਡ ਦੀ ਤਿਆਰੀ ਕਰਦੇ ਰਹੇ ਸਨ । ਗਰਾਊਂਡ ਦੇ ਆਸੇ ਪਾਸੇ ਲੱਗੇ ਚੌਦਾਂ ਟੀਮਾਂ ਦੇ ਰੰਗ ਬਰੰਗੇ ਝੰਡੇ ਉਲੰਪੀਅਨ ਗੇਮਾਂ ਦੇ ਖੇਡ ਸਟੇਡੀਅਮ ਦਾ ਭੁਲੇਖਾ ਪਾਉਂਦੇ ਸੀ । ਪੰਜਾਬ ਤੋਂ ਆਇਆ ਮੇਰਾ ਨਿੱਕਾ ਵੀਰ ਅਮਨਦੀਪ ਅਤੇ ਮੈਂ ਜਦ ਸਲੋਹ ਦੀਆ ਗਰਾਊਂਡਾਂ ਵਿੱਚ ਵੜੇ ਤਾਂ ਸਲੋਹ ਵਾਲਿਆਂ ਨੇ ਭਰਵਾਂ ਪਿਆਰ ਸਤਿਕਾਰ ਦਿੱਤਾ। ਆਉਂਦੇ ਹੀ ਚਾਹ ਪਾਣੀ ਅਤੇ ਦਹੀਂ ਪਰਾਉਂਠਿਆਂ ਦੇ ਗੱਫੇ ਨਾਹ ਨੁਕਰ ਕਰਦਿਆਂ ਕਰਦਿਆਂ ਵੀ ਖਾਣੇ ਪਏ। ਇਸ ਮੇਲੇ 'ਤੇ ਐਮ ਪੀ ਵਰਿੰਦਰ ਸ਼ਰਮਾਂ, ਹਾਕੀ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਐਸ ਐਸ ਪੀ, ਅਕਾਲੀ ਆਗੂ ਸਰਬਜੀਤ ਸਿੰਘ ਮੱਕੜ ਅਤੇ ਸਲੋਹ ਦੇ ਮੇਅਰ ਜਗਜੀਤ ਸਿੰਘ ਉਚੇਚੇ ਤੌਰ 'ਤੇ ਪਹੁੰਚੇ ਹੋਏ ਸੀ। ਉੱਚੀ ਹੇਜ਼ ਦੇ ਮਾਲਿਕ ਅੰਗਰੇਜ਼ ਅਲੀ ਨੇ "ਅਸੀਂ ਕਰਦੇ ਆਂ ਸਰਦਾਰੀ ਆਪਣੇ ਯਾਰਾਂ ਦੇ ਸਿਰ 'ਤੇ" ਰਾਹੀਂ ਦਰਸ਼ਕਾਂ ਦਾ ਮਨਮੋਹਿਆ। ਅਕਾਲ ਸਿੰਘ ਨੇ ਸਾਢੇ ਤਿੰਨ ਕੁਇੰਟਲ ਦੀ ਬੋਰੀ ਚੁੱਕ ਕੇ ਵਲੈਤੀ ਕਰੀਮਾਂ ਦੇ ਜ਼ੋਰ ਦੀ ਹਾਮੀ ਭਰਾਈ। ਪਲਵਿੰਦਰ ਢੰਡੇ ਆਰਿਨ ਚੁੱਕ ਕੇ ਜਵਾਨੀ ਦੇ ਜੋਰ ਨੂੰ ਬਰਕਰਾਰ ਰੱਖਣ ਦੀ ਗੱਲ ਕਹੀ।

ਕਬੱਡੀ ਦਾ ਪਹਿਲਾ ਮੈਚ ਸਾਊਥਾਲ ਅਤੇ ਪੰਜਾਬ ਯੁਨਾਇਟਡ ਟੈਲਫੋਰਡ ਵੂਲਵਰਹੈਂਪਟਨ ਵਿਚਕਾਰ ਸੀ ਕੰਮਾਂ ਔਜਲਾ, ਰਣਜੀਤ ਢੰਡਾ, ਮਹਿੰਦਰ ਗਿੱਲ ਦੇ ਵੈਹੜੇ ਉਹ ਮਾਰਕਾ ਨਹੀਂ ਮਾਰ ਸਕੇ ਜੋ ਦੂਜੀਆਂ ਟੀਮਾਂ ਕਰ ਗਈਆਂ ਇਸ ਵਾਰ ਵਧੀਆ ਨਾਮ ਵਾਲੇ ਖਿਡਾਰੀ ਹੋ ਕੇ ਵੀ ਦਲਜੀਤ ਸਿੰਘ ਮੋਨਾ ਗਿੱਲ, ਬਲਬੀਰ ਰਣੀਆਂ, ਬਲਜੀਤ ਮੱਲ੍ਹੀ, ਕਰਮਜੀਤ ਕੰਮਾਂ, ਪ੍ਰਭਜੋਤ ਬਿਟੂ ਮੋਹੀ, ਪੰਮੀ ਰੰਧਾਵਾ, ਇੰਦਰਜੀਤ ਬੱਲ, ਪਾਲੀ ਢਿਲੋਂ ਅਤੇ ਸਾਥੀਆ ਦੀ ਟੀਮ ਕਿਸੇ ਵੀ ਕੱਪ ਦੇ ਕੁੰਢੇ ਤੱਕ ਨਹੀਂ ਪਹੁੰਚੀ। ਬਾਰਕਿੰਗ ਅਤੇ ਕਵੈਂਟਰੀ ਦਾ ਮੈਚ ਅਜੇਹਾ ਫਸਿਆ ਕਿ ਅੱਧੇ ਅੱਧੇ ਨੰਬਰ 'ਤੇ ਫਾਈਟ ਤਾਂ ਸੀ ਲੇਕਨ ਪ੍ਰਧਾਨ ਲਹਿੰਬਰ ਸਿੰਘ ਲੱਧੜ, ਅਜਮੇਰ ਮੇਲਾ, ਅਮਰੀਕ ਬੋਪਾਰਾਏ, ਗੁਰਮੀਤ ਅਟਕੜ ਵੀ ਹੀਥਰੋ ਤੋਂ ਉੱਡਦੇ ਜਹਾਜ਼ਾਂ ਨੂੰ ਵੇਖਕੇ ਸੋਚਦੇ ਸੀ ਇੱਕ ਵੀ ਕੱਪ ਨਹੀਂ ਜਿੱਤਦੇ ਤਾਂ ਕੀ ਕਰਾਉਣਾ ਇਹਨਾਂ ਤੋਂ। ਸਤਨਾਮ ਗਿੱਲ ਦੀ ਟੀਮ ਦਾ ਗੱਲਾ ਮੁੱਲ ਮੋੜਦਾ ਨਜ਼ਰ ਆਉਂਦੈ, ਡਰਬੀ ਅਤੇ ਬ੍ਰਮਿੰਘਮ ਦਾ ਮੈਚ ਵੀ ਅੱਧੇ ਨੰਬਰ ਦੇ ਫਰਕ ਨਾਲ ਹੀ ਨੇਕਾ ਮੈਰੀਪੁਰ ਬੁਗਚੂ ਬੁਲਾ ਗਿਆ, ਡਰਬੀ ਵੱਲੋਂ ਕਾਲੂ, ਭਿੰਦਾ ਭਰੋਲੀ, ਲੱਡੂ ਸਿੱਧਵਾਂ, ਇੰਦਾ ਨਿੱਝਰ, ਹਰਮੇਲ, ਸ਼ਾਮਾ, ਰਿੱਕੂ, ਦੀਪ ਅਤੇ ਦੂਜੇ ਪਾਸੇ ਮਨਪ੍ਰੀਤ ਡਾਲਾ, ਸੁੱਖ, ਮਨਜਿੰਦਰ, ਹੈਪੀ, ਮਿੰਦਾ ਚੜਿੱਕ, ਜੱਗਾ ਬ੍ਰਮਿੰਘਮ ਵੱਲੋਂ ਖੇਡੇ। ਮਿਡਵੇ ਵੀ ਸਿੱਖ ਟੈਨਪਲ ਵੂਲਵਰਹੈਂਪਟਨ ਤੋਂ ਪੰਜਾਂ ਕੁ ਨੰਬਰ ਨਾ ਪਿਛੇ ਰਹਿ ਗਈ, ਅਜ਼ਾਦ ਨੇ ਵੈਸੇ ਸ਼ੱਬਾ ਅਤੇ ਸੁਖਮਨ ਰੋਕੇ, ਹੇਜ਼ ਨੇ ਲੈਸਟਰ ਦੇ ਪਿਆਰਾ ਸਿੰਘ ਦੀ ਟੀਮ ਨੂੰ ਅੱਧੋ ਅੱਧੀ ਦੇ ਫਰਕ ਨਾਲ ਮਾਤ ਦਿੱਤੀ। ਗ੍ਰੇਵਜ਼ੈਂਡ ਅਤੇ ਟੈਲਫੋਰਡ ਕਬੱਡੀ ਕਲੱਬ ਦਾ ਮੈਚ ਹੋਣ ਲੱਗਾ ਤਾਂ ਛਿੰਦੀ ਏ ਵੰਨ ਵਾਲੇ, ਕੁਲਦੀਪ, ਬਿਟੂ ਭਰੋਲੀ, ਪਾਲਾ ਬੜਾ ਪਿੰਢ, ਸੱਤਾ ਵੱਲੋਂ ਪੌਂਡ ਲਾਉਣ ਦੀ ਸੂਚਨਾ ਭਿੰਦਾ ਮੁਠੱਡਾ ਦੇਣ ਲੱਗਾ, ਉਧਰੋਂ ਬਲਵਿੰਦਰ ਚੱਠਾ, ਭਜੀ ਖੀਰਾਂ ਵਾਲੀ ਅਤੇ ਸਾਥੀਆਂ ਵੱਲੋਂ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਹੋਣ ਲੱਗੀ, ਦੀਪਾ ਘੁਰਲੀ ਨੇ ਸੰਦੀਪ ਹੈਪੀ ਨੂੰ ਸੋਖਾ ਬਿੱਲੀ ਭੁਲਰਾਂ ਨੇ ਬੱਬੂ ਨੂੰ ਰੋਕਿਆ ਜਰੂਰ ਪਰ ਪਹਿਲੇ ਰਾਉਂਡ ਦੇ ਜੇਤੂ ਹੋਣ ਦਾ ਸਿਹਰਾ ਅਮਨ ਦੇ ਜੱਫੇ, ਹੈਪੀ, ਮਨੀ ਦੀ ਪਕੜ ਸਦਕਾ 25- 33 ਦੇ ਫਰਕ ਨਾਲ ਗ੍ਰੇਵਜ਼ੈਂਡ ਦੇ ਹੱਕ ਗਈ।

ਸਲੋਹ ਅਤੇ ਪੰਜਾਬ ਯੁਨਾਇਟਡ ਟੈਲਫੋਰਡ ਵੂਲਵਰਹੈਂਪਟਨ ਦਾ ਮੈਚ ਹੋਣ ਲੱਗਾ ਤਾਂ ਦਰਸ਼ਕਾਂ ਦੀ ਸੋਚ ਸੀ ਕਿ ਸਮਝੋ ਫਾਈਨਲ ਹੋਣ ਲੱਗਾ ਅੱਧੇ ਸਮੇਂ ਤੱਕ ਇੱਕ ਜੱਫੇ ਦੇ ਫਰਕ ਨਾਲ ਮੋੜ ਦੀ ਟੀਮ ਲੀਡ ਕਰ ਰਹੀ ਸੀ, ਲੇਕਨ ਬਾਅਦ ਵਿੱਚ ਸਲੋਹ ਵਾਲੇ ਇਹ ਫਰਕ ਕੱਢ ਨਾ ਸਕੇ ਸਗੋਂ ਫਰਕ ਵੱਧ ਕੇ ਅਖੀਰ ਤੱਕ ਚੌਂਹ ਨੰਬਰਾਂ ਦਾ ਹੋ ਗਿਆ। ਵੈਸੇ ਇਸ ਮੈਚ ਤੇ ਸ਼ੀਰੇ ਨੇ ਕੋਚਿੰਗ ਦੀ ਆਰ ਬਥੇਰੀ ਲਾਈ ਸੋਹਣ ਰੁੜਕੀ, ਸੰਦੀਪ, ਰਮਨ ਅਤੇ ਗੋਗੋ ਨੇ ਗੁਗੂ ਨੂੰ ਕਈ ਜੱਫੇ ਲਾਏ ਲੇਕਨ ਗੁਰਲਾਲ ਸਿਰਫ ਇੱਕ ਵਾਰ ਹੀ ਸੰਦੀਪ ਤੋਂ ਰੁਕਿਆ, ਦੋ ਰੇਡਰਾਂ ਵਾਲੀ ਟੀਮ ਦੇ ਜਾਫੀ, ਰੱਭੋਂ, ਕੁਲਵਿੰਦਰ ਟੱਕਰ, ਪਾਲਾ, ਡਡਵਿੰਡੀ ਨੇ ਸੁੱਚਾ, ਭਿੰਦਾ, ਕਾਲੂ ਨੂੰ ਜੱਫੇ ਲਾ ਗਏ ਖਾੜਕੂ ਅੱਜ ਮੱਠਾ ਰਿਹਾ। ਖੈਰ ਮੈਚ ਵਧੀਆ ਸੀ ਕਿਹਾ ਜਾ ਸਕਦੈ। ਅਗਲੇ ਮੈਚਾਂ ਵਿੱਚ ਕਵੈਂਟਰੀ ਨੂੰ ਈਰਥ ਵੂਲਿਚ ਨੇ ਅਤੇ ਬ੍ਰਮਿੰਘਮ ਨੂੰ ਹੇਜ਼ ਨੇ ਜਿੱਤ ਲਿਆ। ਗ੍ਰਵਜ਼ੈਂਡ ਵਾਲੇ ਸਿੱਖ ਟੈਂਪਲ ਵੂਲਵਰਹੈਂਪਟਨ ਨੂੰ ਫੇਰ ਮਿਲਾਂਗੇ ਕਹਿ ਕੇ ਅੱਗੇ ਹੋ ਗਏ। ਮਨੀ ਨੇ ਅਤੇ ਬਲਕਾਰਾ ਦੀ ਪਕੜ ਮਜ਼ਬੂਤ ਰਹੀ, ਸੈਮੀਫਾਈਨਲ ਦਾ ਪਹਿਲਾ ਪੰਜਾਬ ਯੁਨਾਇਟਡ ਟੈਲਫੋਰਡ ਵੂਲਵਰਹੈਂਪਟਨ ਅਤੇ ਹੇਜ਼ ਦਾ ਮੈਚ ਆਮ ਵਾਂਗ ਠੀਕ ਹੀ ਕਿਹਾ ਜਾ ਸਕਦੈ, ਸ਼ਾਇਦ ਹੇਜ਼ ਵਾਲੇ ਹੰਭ ਗਏ ਜਾਂ ਬਾਜ਼ਾ ਮੱਲਣ ਦੀ ਸੱਟ ਦਾ ਬਹਾਨਾ ਕਰਕੇ ਵਰੀ ਹੋ ਜਾਂਦੇ ਐ ਵੈਸੇ ਹੇਜ਼ ਦੀ ਪਲਟਣ ਨੇੜੇ ਤੇੜੇ ਦੇ ਟੂਰਨਾਮੈਂਟ ਤੇ ਕਾਫੀ ਵੱਡੀ ਹੁੰਦੀ ਐ, ਬਿੰਦਰ ਭਲੂਰ, ਪਾਲੀ, ਬਬਲੀ, ਕੇਵਲ ਪੁਲਸੀਆ। ਜੇਤੂ ਟੀਮਾਂ 'ਚ ਸ਼ਾਮਿਲ ਜਰੂਰ ਹੋ ਚੁੱਕੇ ਐ। ਗ੍ਰਵਜ਼ੈਂਡ ਅਤੇ ਈਰਥ ਵੂਲਿਚ ਦੇ ਮੈਚ ਨੇ ਕਈਆਂ ਦੇ ਭੁਲੇਖੇ ਦੂਰ ਕੀਤੇ ਕਿ ਸਲੋਹ ਅਤੇ ਪੰਜਾਬ ਯੁਨਾਇਟਡ ਦਾ ਮੈਚ ਫਾਈਨਲ ਨਹੀਂ ਅਜੇ ਮੈਦਾਨ ਅੰਦਰ ਬੜਾ ਕੁਝ ਹੋਣ ਵਾਲਾ ਐ। ਅੱਧੇ ਸਮੇਂ ਤੱਕ ਗ੍ਰਵਜੈਂਡ ਦੀ ਟੀਮ ਨੂੰ ਸੱਤਾ ਮੱਠਡਾ, ਸਵਰਨਾ ਪੂਰੀ ਤਰ੍ਹਾਂ ਆਰਾਂ ਲਾ ਰਹੇ ਸੀ, ਟੀਮ ਅੱਧੇ ਨੰਬਰ ਦੇ ਫਰਕ ਨਾਲ ਅੱਗੇ ਜਾ ਰਹੀ ਸੀ, ਲੇਕਨ ਬਾਅਦ ਵਿੱਚ ਪਤਾ ਨਹੀਂ ਕੀ ਭੁਚਾਲ ਆਇਆ ਸੁਰਿੰਦਰ ਸਿੰਘ ਮਾਣਕ ਦੀ ਟੀਮ ਔਹ ਗਈ ਔਹ ਗਈ ਕਰਦੀ 12 ਨੰਬਰਾਂ ਦਾ ਫਰਕ ਪਾ ਗਈ। ਰਾਜਾ ਰਾਏਸਰ ਦੇ ਅਤੇ ਮਨੀ ਧਨੌਰੀ ਦੇ ਜੱਫੇ ਜਿਆਦਾ ਸਨ, ਬਦੇਸ਼ਾ ਵਧੀਆ ਜਾਫੀ ਰਿਹਾ, ਗੋਲੂ ਘਨੌਰ ਦੀ ਫੁਰਤੀ ਅਤੇ ਕਿੰਦਾ ਅਤੇ ਅਮਰਜੀਤ ਦੀ ਜੋਰ ਨਾਲ ਰੇਡ ਦਰਸ਼ਕਾਂ ਨੂੰ ਨਸ਼ਾ ਚਾੜਦੀ ਸੀ। ਨਿੱਪਾ, ਗੋਪੀ, ਗੋਰਾ ਦੇ ਮੁਕਾਬਲੇ, ਹੈਪੀ ਬਿੱਲੀ ਭੁਲਰਾਂ ਅਤੇ ਅਮਨ ਜੌਹਲ ਬਹੁਤੇ ਜੱਫੇ ਨਾ ਲਾ ਸਕੇ, ਸੰਦੀਪ ਦਿੜ੍ਹਬਾ, ਹੈਪੀ ਚਮਿਆਰਾ, ਬੱਬੂ ਲਸਾੜਾ ਕੰਮ ਸਾਰੂ ਹੀ ਰਹੇ। ਫਾਈਨਲ ਮੈਚ ਵਿੱਚ ਈਰਥ ਵੂਲਿਚ ਅਤੇ ਪੰਜਾਬ ਯੁਨਾਇਟਡ ਦੇ ਮੈਚ ਤੋਂ ਪਹਿਲਾਂ ਬੱਚਿਆਂ ਨੇ ਕਬੱਡੀ ਦੇ ਦਾਅ ਪੇਚ ਸਿਖਣ ਦੀ ਕੋਸ਼ਿਸ਼ ਕੀਤੀ। ਗੁਰਲਾਲ ਅਤੇ ਗੁੱਗੂ ਨੂੰ ਈਰਥ ਵਾਲੇ ਇੱਕ ਵੀ ਜੱਫਾ ਨਾ ਲਾ ਸਕੇ ਜਦ ਕਿ ਬਦੇਸ਼ੇ ਨੂੰ ਪਾਲਾ ਤਿੰਨ ਵਾਰ ਅਤੇ ਰੱਭੋ ਇੱਕ ਵਾਰ ਰੋਕ ਗਿਆ,

**ਬਾਕੀ ਸਫ਼ਾ 46 'ਤੇ** →

## ਅੰਗਰੇਜ਼ ਅਲੀ ਨੇ ਵੀ ਬਖੇਰਿਆ ਗਾਇਕੀ ਦਾ ਜਾਦੂ



1


2


3



4


5


6

1) ਸਲੋਹ ਦੇ ਬੈਸਟ ਧਾਵੀ ਗੁੱਗੂ ਹਿੰਤਪੁਰਾ ਅਤੇ ਪਾਲਾ ਡਡਵਿੰਡੀ ਦਾ ਸਾਨਮਾਨ ਕਰਦੇ ਹੋਏ ਪ੍ਰਬੰਧਕ 2) ਅੰਗਰੇਜ਼ ਅਲੀ ਗਰਾਊਂਡ ਵਿੱਚ ਆਪਣਾ ਜਾਦੂ ਬਖੇਰਦਾ ਹੋਇਆ 3) ਸਿੰਘ ਸਭਾ ਸਲੋਹ ਦੀ ਟੀਮ 4) ਪੰਜਾਬ ਯੁਨਾਇਟਡ ਟੈਲਫੋਰਡ ਵੂਲਵਰਹੈਂਪਟਨ ਦੀ ਟੀਮ ਜੇਤੂ ਕੱਪ ਨਾਲ 5) ਈਰਥ ਵੂਲਿਚ ਦੀ ਟੀਮ ਰਨਰ ਅੱਪ ਦੇ ਕੱਪ ਨਾਲ 6) ਐਮ ਪੀ ਸ੍ਰੀ ਵਰਿੰਦਰ ਸ਼ਰਮਾਂ, ਮੇਅਰ ਜਗਜੀਤ ਸਿੰਘ, ਸਰਬਜੀਤ ਸਿੰਘ ਮੱਕੜ ਅਤੇ ਹਿੰਮਤ ਸਿੰਘ ਸੋਹੀ ਅਤੇ ਹੋਰ